[This question paper contains 2 printed pages.]

Your Roll No..............

Sr. No. of Question Paper : 3311 J

Unique Paper Code : 52121128

Name of the Paper : Punjabi – 1B (Core) Old Course

Name of the Course : **B.Com. (Prog.)**

Semester : I

Duration : 3 Hours Maximum Marks : 75

**Instructions for Candidates**

1. Write your Roll No. on the top immediately on receipt of this question paper.

ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਆਧੁਨਿਕ ਪੰਜਾਬੀ ਵਾਰਤਕ ਦੀ ਪਰਿਭਾਸ਼ਾ ਦਿੰਦਿਆਂ ਹੋਇਆਂ ਉਸ ਦੇ ਪ੍ਰਮੁੱਖ ਤੱਤਾਂ ਨਾਲ ਜਾਣ-ਪਛਾਣ ਕਰਾਓ। 15

ਜਾਂ

ਪੁਰਾਤਨ ਪੰਜਾਬੀ ਵਾਰਤਕ ਦੇ ਇਤਿਹਾਸ ਬਾਰੇ ਜਾਣਕਾਰੀ ਦਿਓ।

2. ਹੇਠ ਲਿਖੇ ਪ੍ਰਸ਼ਨਾਂ 'ਚ ਕੋਈ ਦੋ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :- 10

ੳ. ਪੁਰਾਤਨ ਪੰਜਾਬੀ ਵਾਰਤਕ ਅਤੇ ਨਵੀਨ ਪੰਜਾਬੀ ਵਾਰਤਕ ਵਿਚਲੇ ਅੰਤਰ ਨੂੰ ਸਪਸ਼ਟ ਕਰੋ।

ਅ. ਆਧੁਨਿਕ ਪੰਜਾਬੀ ਵਾਰਤਕ ਦੇ ਰੂਪਾਕਾਰ 'ਨਿਬੰਧ' ਬਾਰੇ ਨੋਟ ਲਿਖੋ।

ੲ. ਕੋਈ ਪੰਜ ਵਾਰਤਕਕਾਰਾਂ ਦੇ ਨਾਮ ਲਿਖੋ ਅਤੇ ਉਨ੍ਹਾਂ ਦੀ ਵਾਰਤਕ ਪੁਸਤਕਾਂ ਬਾਰੇ ਵੀ ਲਿਖੋ।

3. ਹੇਠ ਲਿਖੇ ਵਿਚੋਂ ਕੋਈ ਇਕ ਲੇਖ ਦਾ ਆਲੋਚਨਾਤਮਕ ਸਾਰ ਲਿਖੋ :- 15

ੳ. ਬੱਚਾ ਕੁਚਾਲ ਤੇ ਰੱਬ

ਅ. ਬਿਨਾਂ ਥੱਲੇ ਵਾਲਾ ਝੋਲਾ

ੲ. ਸੋਈ ਪਿਆਰੇ ਮੇਲ

ਸ. ਮਿਹਰਬਾਨੀ, ਸ਼ੁਕਰੀਆ, ਧੰਨਵਾਦ

P.T.O.

4. ਹੇਠ ਦਿੱਤੇ ਪ੍ਰਸ਼ਨਾਂ 'ਚੋਂ ਕੋਈ ਦੋ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :- 10

ੳ. 'ਰੱਬ ਦੇ ਡਾਕੀਏ' ਲੇਖ ਤੋਂ ਕੀ ਭਾਵ ਹੈ ?

ਅ. 'ਮੁਸਾਫਰ, ਦਰਿਆ ਅਤੇ ਪਰਿੰਦੇ' ਵਿਚ ਲੇਖਕ ਦੀ ਕਹਿਣਾ ਚਾਹੁੰਦਾ ਹੈ ?

ੲ. ਦਲੀਲ ਅਤੇ ਦਲੀਲਬਾਜ਼ੀ ਬਾਰੇ ਲੇਖਕ ਦੇ ਵਿਚਾਰ ਆਪਣੇ ਸ਼ਬਦਾਂ 'ਚ ਲਿਖੋ।

5. 'ਨਾਂਵ' ਕਿਸ ਨੂੰ ਕਹਿੰਦੇ ਹਨ ? ਨਾਂਵ ਦੀਆਂ ਕੋਈ ਤਿੰਨ ਕਿਸਮਾਂ ਬਾਰੇ ਉਦਾਹਰਣਾਂ ਸਹਿਤ ਲਿਖੋ ? 10

ਜਾਂ

'ਕਿਰਿਆ' ਕਿਸ ਨੂੰ ਕਹਿੰਦੇ ਹਨ ? ਕਿਰਿਆ ਦੇ ਭੇਦਾਂ ਬਾਰੇ ਉਦਾਹਰਣ ਸਹਿਤ ਲਿਖੋ।

6. 'ਸਵਰ' ਅਤੇ 'ਵਿਅੰਜਨ' ਧੁਨੀਆਂ ਤੋਂ ਕੀ ਭਾਵ ਹੈ ? ਪੰਜਾਬੀ ਦੀਆਂ ਸਵਰ ਧੁਨੀਆਂ ਬਾਰੇ ਵਿਸਥਾਰ ਸਹਿਤ ਲਿਖੋ। 10

ਜਾਂ

ਕਿਸੇ ਅੱਖੀਂ ਵੇਖੀ ਦੁਰਘਟਨਾ ਬਾਰੇ ਅਖ਼ਬਾਰ ਦੇ ਸੰਪਾਦਕ ਨੂੰ ਰਿਪੋਰਟ ਲਿਖੋ।

7. ਹੇਠ ਦਿੱਤੇ ਪੈਰ੍ਹੇ ਦਾ ਸੰਖੇਪ ਸਾਰੇ ਲਿਖੋ ਅਤੇ ਸਿਰਲੇਖ ਵੀ ਦੱਸੋ :- 5

ਸੱਚ ਬੋਲਣ ਦੇ ਪ੍ਰਣ ਨੇ ਹੀ ਗਾਂਧੀ ਜੀ ਨੂੰ ਬਾਲ-ਉਮਰ ਵਿਚ ਕਈ ਪਾਪਾਂ ਤੋਂ ਬਚਾਇਆ। ਇਕ ਵਾਰ ਕੁਸੰਗਤ ਵਿਚ ਰਲ ਕੇ ਉਹ ਮਾਸ ਖਾ ਬੈਠੇ, ਸਿਗਰਟ ਵੀ ਪੀਣ ਲਗ ਪਏ ਅਤੇ ਘਰ ਵਿਚੋਂ ਕੋਈ ਚੀਜ਼ ਚੋਰੀ ਵੀ ਕਰ ਬੈਠੇ। ਪਰ ਪਿਛੋਂ ਉਹ ਸੋਚ ਕੇ ਡਾਢੇ ਦੁਖੀ ਹੋਏ। ਮਾਤਾ-ਪਿਤਾ ਦੇ ਸਾਹਮਣੇ ਮੂੰਹ ਦਿਖਾਉਣ ਜੋਗੇ ਨਾ ਰਹੇ। ਉਹਨਾਂ ਨੂੰ ਇਉਂ ਪ੍ਰਤੀਤ ਹੋਇਆ ਕਿ ਜਿਸ ਬਕਰੇ ਦਾ ਉਨ੍ਹਾਂ ਮਾਸ ਖਾਧਾ ਹੈ ਉਹ ਉਹਨਾਂ ਦੇ ਪੇਟ ਵਿਚ ਵਿਰਲਾਪ ਕਰ ਰਿਹਾ ਹੈ। ਉਹਨਾਂ ਦੇ ਪਿਤਾ ਜੀ ਮੰਜੇ ਤੇ ਬੀਮਾਰ ਪਏ ਸਨ। ਉਹ ਦਿਲ ਵਿਚ ਸੋਚਣ ਲਗ ਪਏ ਜੇ ਪਿਤਾ ਜੀ ਪੁਛ ਬੈਠੇ, ਤਾਂ ਮੈਂ ਕੀ ਉੱਤਰ ਦਿਆਂਗਾ ? ਝੂਠ ਬੋਲ ਕੇ ਮੈਂ ਹੋਰ ਪਾਪ ਕਿਉਂ ਕਰਾਂ ?